# ਮਾਪਿਆਂ/ਸਰਪ੍ਰਸਤਾਂ ਅਤੇ ਨੌਜਵਾਨਾਂ ਲਈ ਜਾਣਕਾਰੀ

ਪਿਆਰੇ ਮਾਪਿਓ ਅਤੇ ਸਰਪ੍ਰਸਤੋ,

ਸਾਡਾ ਸਕੂਲ ਇਸ ਪਤਝੜ ਰੁੱਤ ਵਿੱਚ Healthy Youth Survey (HYS, ਹੈਲਥੀ ਯੂਥ ਸਰਵੇ) ਵਿੱਚ ਭਾਗ ਲਵੇਗਾ।_ ਵਾਸ਼ਿੰਗਟਨ ਰਾਜ ਦੇ ਨੌਜਵਾਨ 2002 ਤੋਂ HYS ਸਰਵੇ ਵਿੱਚ ਹਿੱਸਾ ਲੈ ਰਹੇ ਹਨ।_ ਸਰਵੇ ਵਿੱਚ ਭਾਗ ਲੈਣ ਵਾਲੇ ਨੌਜਵਾਨਾਂ ਦੀ ਗਿਣਤੀ ਕੁਝ ਹਜ਼ਾਰ ਤੋਂ ਵੱਧ ਕੇ ਸਲਾਨਾ 215,000 ਹਜ਼ਾਰ ਤੋ ਵੀ ਜ਼ਿਆਦਾ ਹੋ ਗਈ ਹੈ! ਇਸ ਸਰਵੇ ਵਿੱਚ ਨੌਜਵਾਨਾਂ ਦੀ ਸਥਿਤੀ, ਸਮਾਜਿਕ ਰਿਸ਼ਤਿਆਂ, ਮਾਨਸਿਕ ਸਿਹਤ, ਨਸ਼ੀਲੇ ਪਦਾਰਥਾਂ ਦੇ ਸੇਵਨ, ਸੱਟ ਲੱਗਣ ਦੇ ਖਤਰਿਆਂ ਅਤੇ ਹੋਰ ਕਈ ਵਿਸ਼ਿਆਂ ਬਾਰੇ ਸਵਾਲ ਪੁੱਛੇ ਜਾਂਦੇ ਹਨ।_ ਭਾਈਚਾਰੇ, ਡਿਸਟ੍ਰਿਕਟ, ਸਕੂਲ ਅਤੇ ਜਨ ਸਿਹਤ ਏਜੰਸੀਆਂ ਨੌਜਵਾਨਾਂ ਦੀ ਬਿਹਤਰੀ ਲਈ ਨੀਤੀਆਂ ਅਤੇ ਪ੍ਰੋਗਰਾਮ ਬਣਾਉਣ ਲਈ ਇਸ ਸਰਵੇ ਦੇ ਨਤੀਜਿਆਂ ਦੀ ਵਰਤੋਂ ਕਰਦੇ ਹਨ। HYS ਨੌਜਵਾਨਾਂ ਲਈ ਸਾਡੇ ਰਾਜ ਦੇ ਭਵਿੱਖ ਨੂੰ ਸੇਧ ਦੇਣ ਦਾ ਇੱਕ ਸਾਰਥਕ ਤਰੀਕਾ ਹੈ। [1}ਅਸੀਂ ਤੁਹਾਡੇ ਨੌਜਵਾਨ ਬੱਚਿਆਂ ਦੀ ਭਾਗੀਦਾਰੀ ਦੀ ਸ਼ਲਾਘਾ ਕਰਦੇ ਹਾਂ। [1}ਕਿਰਪਾ ਕਰਕੇ ਇਹ ਜਾਣਕਾਰੀ ਆਪਣੇ ਨੌਜਵਾਨ ਬੱਚਿਆਂ ਨਾਲ ਸਾਂਝੀ ਕਰੋ। *ਉਸਤੋਂ ਬਾਅਦ ਸਰਵੇ ਬਾਰੇ ਗੱਲ ਕਰੋ ਅਤੇ ਮਿਲ ਕੇ ਇਹ ਫ਼ੈਸਲਾ ਕਰੋ ਕਿ ਤੁਹਾਡਾ ਨੌਜਵਾਨ ਬੱਚਾ ਇਸ ਵਿੱਚ ਭਾਗ ਲਵੇਗਾ ਜਾਂ ਨਹੀਂ।*

## ਵਧੇਰੀ ਜਾਣਕਾਰੀ ਚਾਹੀਦੀ ਹੈ?

ਜੇ ਸਰਵੇ ਦੇ ਮਕਸਦ ਜਾਂ ਇਸ ਨਾਲ ਜੁੜੀਆਂ ਪ੍ਰਕਿਰਿਆਵਾਂ ਬਾਰੇ ਤੁਹਾਡੇ ਕੋਈ ਸਵਾਲ ਹਨ, ਤਾਂ ਕਿਰਪਾ ਕਰਕੇ Healthy Youth Survey ਦੇ ਪ੍ਰਿੰਸੀਪਲ ਇਨਵੈਸਟੀਗੇਟਰ ਨਾਲ (877) HYS-7111 'ਤੇ ਜਾਂ ਈਮੇਲ ਰਾਹੀਂ **healthy.youth@doh.wa.gov** 'ਤੇ ਸੰਪਰਕ ਕਰੋ। Healthy Youth Survey ਬਾਰੇ ਹੋਰ ਜਾਣਕਾਰੀ ਇੱਥੇ ਮਿਲ ਸਕਦੀ ਹੈ: **www.AskHYS.net** (ਅੰਗ੍ਰੇਜ਼ੀ ਵਿੱਚ)

ਵਾਸ਼ਿੰਗਟਨ ਰਾਜ ਦੇ Institutional Review Board (ਇੰਸਟੀਚਿਊਸ਼ਨਲ ਰੀਵਿਊ ਬੋਰਡ) ਨੇ Healthy Youth Survey ਦੀਆਂ ਇਸ ਚਿੱਠੀ ਵਿੱਚ ਦੱਸੀਆਂ ਗਈਆਂ ਪ੍ਰਕਿਰਿਆਵਾਂ ਨੂੰ ਮਨਜ਼ੂਰੀ ਦੇ ਦਿੱਤੀ ਹੈ। ਤੁਸੀਂ ਇਸ ਬਾਰੇ ਇੱਥੇ ਪੜ੍ਹ ਸਕਦੇ ਹੋ: **www.askhys.net/HYS2025 IRB Requirements** (ਅੰਗ੍ਰੇਜ਼ੀ ਵਿੱਚ)

ਜੇ ਤੁਹਾਨੂੰ ਲੱਗਦਾ ਹੈ ਕਿ ਇਨ੍ਹਾਂ ਪ੍ਰਕਿਰਿਆਵਾਂ ਦੀ ਪਾਲਣਾ ਨਹੀਂ ਕੀਤੀ ਗਈ ਹੈ, ਤਾਂ ਕਿਰਪਾ ਕਰਕੇ 1-800-583-8488 'ਤੇ ਕਾਲ ਕਰੋ। ਤੁਹਾਨੂੰ ਆਪਣਾ ਨਾਂ ਦੱਸਣ ਦੀ ਲੋੜ ਨਹੀਂ ਹੈ। ਸਾਰੇ ਸੁਨੇਹਿਆਂ ਦਾ ਜਵਾਬ ਦਿੱਤਾ ਜਾਵੇਗਾ।

## ਅਕਸਰ ਪੁੱਛੇ ਜਾਣ ਵਾਲੇ ਸਵਾਲ

### ਸਵਾਲ: ਸਰਵੇ ਵਿੱਚ ਭਾਗ ਲੈਣ ਲਈ ਕਿਸ ਨੂੰ ਕਿਹਾ ਜਾਵੇਗਾ?

**ਜਵਾਬ:** ਵਾਸ਼ਿੰਗਟਨ ਰਾਜ ਦੇ ਸਾਰੇ ਸਕੂਲਾਂ ਵਿੱਚ ਗ੍ਰੇਡ 6, 8, 10 ਅਤੇ 12 ਦੇ ਵਿਦਿਆਰਥੀ, ਅਤੇ ਇਸ ਤੋਂ ਇਲਾਵਾ ਛੋਟੇ ਸਕੂਲ ਡਿਸਟ੍ਰਿਕਟਾਂ ਵਿੱਚ ਗ੍ਰੇਡ 7, 9 ਅਤੇ 11 ਦੇ ਵਿਦਿਆਰਥੀ।_

### ਸਵਾਲ: ਕੀ ਇਹ ਸਰਵੇ ਵਾਲੰਟਰੀ (ਸਵੈ-ਇੱਛੁਕ) ਹੈ?

**ਜਵਾਬ:** ਹਾਂ! ਸਰਵੇ ਵਿੱਚ ਹਿੱਸਾ ਲੈਣ ਵਾਲੇ ਨੌਜਵਾਨ ਕਿਸੇ ਵੀ ਸਵਾਲ ਨੂੰ ਛੱਡ ਸਕਦੇ ਹਨ ਅਤੇ ਕਿਸੇ ਵੀ ਸਮੇਂ ਸਰਵੇ ਨੂੰ ਬੰਦ ਕਰ ਸਕਦੇ ਹਨ। ਜੇ ਤੁਸੀਂ ਨਹੀਂ ਚਾਹੁੰਦੇ ਹੋ ਕਿ ਤੁਹਾਡਾ ਨੌਜਵਾਨ ਬੱਚਾ ਸਰਵੇ ਵਿੱਚ ਭਾਗ ਲਵੇ, ਤਾਂ ਤੁਸੀਂ ਉਸਨੂੰ ਛੋਟ ਦਿਵਾਉਣ ਲਈ ਸਕੂਲ ਨੂੰ ਕਾਲ ਕਰ ਸਕਦੇ ਹੋ। ਬੱਚੇ ਖੁਦ ਵੀ ਆਪਣੇ ਅਧਿਆਪਕ ਨੂੰ ਦੱਸ ਸਕਦੇ ਹਨ ਕਿ ਉਹ ਸਰਵੇ ਵਿੱਚ ਭਾਗ ਨਹੀਂ ਲੈਣਾ ਚਾਹੁੰਦੇ। ਸਰਵੇ ਵਿੱਚ ਭਾਗ ਨਾ ਲੈਣ ਵਾਲੇ ਵਿਦਿਆਰਥੀਆਂ ਨੂੰ ਕਿਸੇ ਹੋਰ ਗਤੀਵਿਧੀ ਵਿੱਚ ਲਗਾਇਆ ਜਾਵੇਗਾ, ਜਿਵੇਂ ਕਿ ਲਾਇਬ੍ਰੇਰੀ ਵਿੱਚ ਪੜ੍ਹਨਾ ਜਾਂ ਸਟੱਡੀ ਕਰਨਾ। ਸਰਵੇ ਵਿੱਚ ਭਾਗ ਨਾ ਲੈਣ 'ਤੇ ਕੋਈ ਸਜ਼ਾ ਨਹੀਂ ਦਿੱਤੀ ਜਾਵੇਗੀ। ਤੁਹਾਡੇ ਨੌਜਵਾਨ ਬੱਚੇ ਦੇ ਗ੍ਰੇਡਾਂ 'ਤੇ ਇਸਦਾ ਕੋਈ ਅਸਰ ਨਹੀਂ ਪਵੇਗਾ।

### ਸਵਾਲ: ਸਰਵੇ ਵਿੱਚ ਕਿਹੜੇ ਸਵਾਲ ਪੁੱਛੇ ਜਾਂਦੇ ਹਨ?

**ਜਵਾਬ:** ਸਰਵੇ ਦੇ ਸਵਾਲ ਦੇਸ਼ ਭਰ ਵਿੱਚ ਅਤੇ ਵਾਸ਼ਿੰਗਟਨ ਵਿੱਚ ਕੀਤੇ ਗਏ ਸਰਵੇਖਣਾਂ ਤੋਂ ਲਏ ਜਾਂਦੇ ਹਨ। ਮਾਪੇ ਜਾਂ ਸਰਪ੍ਰਸਤ ਸਵਾਲਾਂ ਦੀ ਸਮੀਖਿਆ ਇੱਥੇ ਕਰ ਸਕਦੇ ਹਨ: **https://www.askhys.net/Resources/SurveyQuestionnaires** (ਅੰਗ੍ਰੇਜ਼ੀ ਵਿੱਚ)।

ਕੁਝ ਵਿਸ਼ਿਆਂ ਵਿੱਚ ਸ਼ਾਮਲ ਹਨ:

- ਜਨਸੰਖਿਆ ਸਬੰਧੀ, ਜਿਵੇਂ ਕਿ ਉਮਰ, ਲਿੰਗ, ਨਸਲ ਅਤੇ ਜਾਤੀ
- ਸਕੂਲ ਅਤੇ ਭਾਈਚਾਰੇ ਬਾਰੇ ਭਾਵਨਾਵਾਂ
- ਮਾਪਿਆਂ, ਦੋਸਤਾਂ ਅਤੇ ਗੁਆਂਢੀਆਂ ਨਾਲ ਸਬੰਧ

- ਸਰੀਰਕ ਗਤੀਵਿਧੀ ਅਤੇ ਭੋਜਨ ਤੱਕ ਪਹੁੰਚ
- ਸਿਹਤ ਸਿੱਖਿਆ
- ਨਸ਼ੀਲੇ ਪਦਾਰਥਾਂ ਦਾ ਸੇਵਨ
- ਸੁਰੱਖਿਆ ਅਤੇ ਹਿੰਸਾ ਨਾਲ ਸਬੰਧਤ ਵਿਵਹਾਰ ਅਤੇ ਭਾਵਨਾਵਾਂ
- ਲਿੰਗ ਪਛਾਣ1
- ਜਿਨਸੀ ਰੁਝਾਨ (ਗ੍ਰੇਡ 6 ਅਤੇ 7 ਲਈ ਨਹੀਂ)
- ਜਿਨਸੀ ਵਿਵਹਾਰ ਅਤੇ ਹਿੰਸਾ (ਗ੍ਰੇਡ 6 ਅਤੇ 7 ਲਈ ਨਹੀਂ)2

### ਪ੍ਰ. ਸਰਵੇ ਦੇ ਨਤੀਜਿਆਂ ਤੱਕ ਕਿਸਦੀ ਪਹੁੰਚ ਹੁੰਦੀ ਹੈ?

}**ਜਵਾਬ:** ਵਿਅਕਤੀਗਤ-ਪੱਧਰ ਦੇ ਜਵਾਬਾਂ ਨੂੰ ਇਕੱਠੇ ਕਰਕੇ ਸਕੂਲਾਂ ਅਤੇ ਡਿਸਟ੍ਰਿਕਟਾਂ ਲਈ ਰਿਪੋਰਟਾਂ ਵਿੱਚ ਸੰਖੇਪ ਰੂਪ ਦਿੱਤਾ ਜਾਂਦਾ ਹੈ ਅਤੇ ਸੁਪਰਡੈਂਟਾਂ ਅਤੇ ਪ੍ਰਿੰਸੀਪਲਾਂ ਨੂੰ ਉਪਲਬਧ ਕਰਾਇਆ ਜਾਂਦਾ ਹੈ। ਕਾਉਂਟੀ, ਖੇਤਰੀ Educational Service Districts (ESD, ਵਿਦਿਅਕ ਸੇਵਾ ਡਿਸਟ੍ਰਿਕਟ), ਅਤੇ ਰਾਜ ਦੀਆਂ ਰਿਪੋਰਟਾਂ AskHYS.net 'ਤੇ (ਅੰਗ੍ਰੇਜ਼ੀ ਵਿੱਚ) ਜਨਤਕ ਤੌਰ 'ਤੇ ਸਾਂਝੀਆਂ ਕੀਤੀਆਂ ਜਾਂਦੀਆਂ ਹਨ।

ਵਿਅਕਤੀਗਤ ਜਵਾਬਾਂ ਵਾਲੇ ਡੇਟਾਸੈੱਟ, ਬੇਨਤੀ ਕਰਨ 'ਤੇ ਸਥਾਨਕ ਸਿਹਤ ਵਿਭਾਗਾਂ ਅਤੇ ਖੋਜਕਾਰਾਂ ਵਰਗੇ ਮਨਜ਼ੂਰਸ਼ੁਦਾ ਡੇਟਾ ਉਪਭੋਗਤਾਵਾਂ ਨੂੰ, ਸਿਹਤ ਵਿਭਾਗ ਵੱਲੋਂ ਚਲਾਈ ਜਾਂਦੀ ਡੇਟਾ ਸਾਂਝਾਕਰਨ ਸਮਝੌਤੇ ਦੀ ਪ੍ਰਕਿਰਿਆ ਰਾਹੀਂ ਉਪਲਬਧ ਕਰਵਾਏ ਜਾਂਦੇ ਹਨ।

### ਸਵਾਲ: **ਭਾਗ ਲੈਣ ਵਾਲੇ ਦੀ ਪਛਾਣ ਦੀ ਸੁਰੱਖਿਆ ਕਿਵੇਂ ਕੀਤੀ ਜਾਂਦੀ ਹੈ?**

**ਜਵਾਬ:** HYS ਵਿੱਚ ਦਿੱਤੇ ਗਏ ਵਿਅਕਤੀਗਤ ਜਵਾਬਾਂ ਦੀ ਗੋਪਨੀਯਤਾ ਦੀ ਪੂਰੀ ਗਰੰਟੀ ਨਹੀਂ ਦਿੱਤੀ ਜਾ ਸਕਦੀ। ਇਸ ਗੱਲ ਦੀ ਸੰਭਾਵਨਾ ਬਹੁਤ ਘੱਟ ਹੈ, ਪਰ ਜੇ ਕਿਸੇ ਅਣ-ਅਧਿਕਾਰਤ ਵਿਅਕਤੀ ਸਰਵੇ ਦੇ ਨਤੀਜੇ ਦੇਖਣ ਨੂੰ ਮਿਲ ਜਾਣ, ਤਾਂ ਸਕੂਲ, ਜਮਾਤ, ਨਸਲ/ਜਾਤੀ ਅਤੇ ਬਾਹਰੀ ਗਿਆਨ ਵਰਗੀ ਜਾਣਕਾਰੀ ਦਾ ਇਸਤੇਮਾਲ ਕਰਕੇ ਕੁਝ ਭਾਗ ਲੈਣ ਵਾਲਿਆਂ ਦੀ ਪਛਾਣ ਕੀਤੀ ਜਾ ਸਕਦੀ ਹੈ।

ਹਾਲਾਂਕਿ , HYS ਹਮੇਸ਼ਾ ਸਵੈ-ਇੱਛਕ ਹੁੰਦਾ ਹੈ ਅਤੇ [1}ਅਸੀਂ ਭਾਗ ਲੈਣ ਵਾਲਿਆਂ ਦੀ ਨਿੱਜਤਾ ਅਤੇ ਗੋਪਨੀਯਤਾ ਦੀ ਸੁਰੱਖਿਆ ਲਈ ਇਹ ਤਰੀਕੇ ਅਪਣਾਉਂਦੇ ਹਾਂ, ਜਿਵੇਂ:

- ਭਾਗੀਦਾਰ ਸਰਵੇ ਵਿੱਚ ਆਪਣੇ ਨਾਮ ਨਹੀਂ ਪਾਉਂਦੇ, ਅਤੇ ਨਾ ਹੀ ਕੋਈ ਅਜਿਹਾ ਕੋਡ ਲਿਆ ਜਾਂਦਾ ਹੈ ਜਿਸ ਨਾਲ ਸਰਵੇ ਨੂੰ ਕਿਸੇ ਭਾਗੀਦਾਰ ਨਾਲ ਜੋੜਿਆ ਜਾ ਸਕੇ।
- ਭਾਗੀਦਾਰ ਇੱਕ ਇਲੈਕਟ੍ਰਾਨਿਕ ਸਰਵੇ ਪਲੇਟਫਾਰਮ 'ਤੇ ਸਰਵੇ ਕਰਦੇ ਹਨ ਅਤੇ ਜਵਾਬਾਂ ਨੂੰ ਸੀਮਤ ਪਹੁੰਚ ਵਾਲੇ ਇੱਕ ਸੁਰੱਖਿਅਤ ਸਰਵਰ 'ਤੇ ਸਟੋਰ ਕੀਤਾ ਜਾਂਦਾ ਹੈ।

### ਸਵਾਲ: **ਸਰਵੇ ਦੇ ਨਤੀਜਿਆਂ ਨੂੰ ਕਿਵੇਂ ਵਰਤਿਆ ਜਾਂਦਾ ਹੈ?**

**ਜਵਾਬ:** ਸਕੂਲ, ਸਕੂਲ ਡਿਸਟ੍ਰਿਕਟ, ਭਾਈਚਾਰੇ ਅਤੇ ਜਨਤਕ ਸਿਹਤ ਏਜੰਸੀਆਂ ਵਾਸ਼ਿੰਗਟਨ ਦੇ ਨੌਜਵਾਨਾਂ ਨੂੰ ਸਮਝਣ ਅਤੇ ਉਨ੍ਹਾਂ ਨੂੰ ਲੋੜੀਂਦੀਆਂ ਸੇਵਾਵਾਂ ਉਪਲਬਧ ਕਰਾਉਣ ਵਾਸਤੇ ਇਨ੍ਹਾਂ ਨਤੀਜਿਆਂ ਦਾ ਇਸਤੇਮਾਲ ਕਰਦੀਆਂ ਹਨ। ਨਤੀਜਿਆਂ ਨੂੰ ਗ੍ਰਾਂਟ ਲਿਖਣ, ਪ੍ਰੋਗਰਾਮਾਂ ਅਤੇ ਪਾਲਿਸੀਆਂ ਦੀ ਯੋਜਨਾ ਬਣਾਉਣ ਅਤੇ ਉਨ੍ਹਾਂ ਦਾ ਮੁਲਾਂਕਣ ਕਰਨ, ਅਤੇ ਅਜਿਹੇ ਹੋਰ ਕੰਮਾਂ ਲਈ ਵਰਤਿਆ ਜਾਂਦਾ ਹੈ।

Healthy Youth Survey ਨਿਮਨਲਿਖਤ ਰਾਜ ਏਜੰਸੀਆਂ ਦੁਆਰਾ ਸਪਾਂਸਰ ਕੀਤਾ ਗਿਆ ਹੈ: Health Care Authority - Division of Behavioral Health and Recovery (ਸਿਹਤ ਸੰਭਾਲ ਅਥਾਰਟੀ - ਵਿਵਹਾਰਕ ਸਿਹਤ ਅਤੇ ਰਿਕਵਰੀ ਡਿਵੀਜ਼ਨ), Department of Health (ਸਿਹਤ ਵਿਭਾਗ), Office of the Superintendent of Public Instruction (ਜਨਤਕ ਨਿਰਦੇਸ਼ਾਂ ਦੇ ਸੁਪਰਡੈਂਟ ਦਾ ਦਫ਼ਤਰ), and Liquor and Cannabis Board (ਲਿਕਰ ਅਤੇ ਕੈਨਾਬਿਸ ਬੋਰਡ)।__

*1 ਇਹ ਸਵਾਲ ਸਿਰਫ਼ 8ਵੇਂ ਗ੍ਰੇਡ ਅਤੇ ਇਸਤੋਂ ਉੱਪਰ ਦੇ ਵਿਦਿਆਰਥੀਆਂ ਨੂੰ ਮਿਲੇਗਾ। ਜਿਹੜੇ ਸਕੂਲ ਚਾਹੁੰਦੇ ਹਨ ਉਹ 6ਵੇਂ ਅਤੇ 7ਵੇਂ ਗ੍ਰੇਡ ਦੇ ਸਰਵੇ ਵਿੱਚ ਛੋਟੇ ਵਿਦਿਆਰਥੀਆਂ ਲਈ ਬਣਾਇਆ ਗਿਆ ਇੱਕ ਲਿੰਗ ਸਬੰਧੀ ਸਵਾਲ ਜੋੜ ਸਕਦੇ ਹਨ।*

*2 ਸਕੂਲ ਜਿਨਸੀ ਵਿਵਹਾਰ ਅਤੇ ਜਿਨਸੀ ਹਿੰਸਾ ਦੇ ਸਵਾਲ ਪੁੱਛਣ ਤੋਂ ਛੋਟ ਦੀ ਬੇਨਤੀ ਕਰ ਸਕਦੇ ਹਨ।*